# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times — 25 ਸਤੰਬਰ 2024 ਦਿਨ ਬੁੱਧਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## " ਓਨਟਾਰੀਓ 'ਚ ਪੰਜਾਬੀ ਭਾਸ਼ਾ ਦੇ ਵਿਸਥਾਰ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 20 ਅਕਤੂਬਰ ਨੂੰ ਆਯੋਜਿਤ ਕੀਤਾ ਜਾ ਰਿਹਾ ਏ ਸੈਮੀਨਾਰ "

ਵਰਲਡ ਪੰਜਾਬੀ ਟਾਈਮਜ਼ ਡਾ. ਝੰਡ

ਬਰੈਂਪਟਨ, 25 ਸਤੰਬਰ : ਓਨਟਾਰੀਓ ਸੂਬੇ ਵਿਚ ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਇਸ ਨੂੰ ਸਰਕਾਰੀ ਕੰਮ-ਕਾਜ ਵਿਚ ਵਰਤੋਂ ਵਿਚ ਲਿਆਉਣ ਲਈ ਮਾਨਤਾ ਦਿਵਾਉਣ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ 20 ਅਕਤੂਬਰ ਦਿਨ ਐਤਵਾਰ ਨੂੰ ਇਕ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ ਜਿਸ ਦਾ ਵਿਸ਼ਾ 'ਓਨਟਾਰੀਓ ਵਿਚ ਪੰਜਾਬੀ ਬੋਲੀ ਦਾ ਪ੍ਰਚਾਰ ਤੇ




ਪਸਾਰ' ਰੱਖਿਆ ਗਿਆ ਹੈ।
ਇਸ ਵਿਚ ਪੰਜਾਬੀ ਭਾਸ਼ਾ ਦੇ ਵਿਸਥਾਰ ਲਈ ਉਪਰਾਲਿਆਂ ਸਬੰਧੀ ਚਾਰ ਉਪ-ਵਿਸ਼ਿਆਂ 'ਤੇ ਵਿਦਵਾਨਾਂ ਵੱਲੋਂ ਪੇਪਰ ਪੇਸ਼ ਕੀਤੇ ਜਾਣਗੇ ਅਤੇ ਉਨ੍ਹਾਂ ਉੱਪਰ ਵਿਚਾਰ-ਵਟਾਂਦਰਾ ਹੋਵੇਗਾ। ਇਹ ਸੈਮੀਨਾਰ 114 ਕੈਨੇਡੀ ਰੋਡ ਵਿਖੇ ਸਥਿਤ 'ਪੰਜਾਬੀ ਭਵਨ ਟੋਰਾਂਟੋ' ਵਿਚ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੀਕ ਚੱਲੇਗਾ ਅਤੇ ਇਸ ਦੌਰਾਨ ਸ਼ਾਮ ਨੂੰ ਕਵੀ-ਦਰਬਾਰ ਵੀ ਹੋਵੇਗਾ।
ਪੰਜਾਬੀ ਭਾਸ਼ਾ ਨਾਲ ਪਿਆਰ ਕਰਨ ਵਾਲੇ ਸਮੂਹ ਸੱਜਣਾਂ-ਮਿੱਤਰਾਂ, ਭੈਣ-ਭਰਾਵਾਂ ਤੇ ਨੌਜੁਆਨਾਂ ਨੂੰ ਇਸ ਵਿਚ ਸ਼ਾਮਲ ਹੋਣ ਲਈ 20 ਅਕਤੂਬਰ ਐਤਵਾਰ ਦਾ ਦਿਨ ਆਪਣੀ ਡਾਇਰੀ ਵਿਚ ਨੋਟ ਕਰਨ ਅਤੇ ਕੈਲੰਡਰ ਵਿਚ ਮਾਰਕ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ। ਧੰਨਵਾਦ ਸਹਿਤ । ਇਹ ਜਾਣਕਾਰੀ ਡਾ . ਸੁਖਦੇਵ ਸਿੰਘ ਝੰਡ ਨੇ ਰਮਿੰਦਰ ਵਾਲੀਆ ਨੂੰ ਸਾਂਝੀ ਕੀਤੀ ।

## ਧੰਨ-ਧੰਨ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਲਗਾਏ ਖੂਨਦਾਨ ਕੈਂਪਾ ਮੋਕੇ 276 ਯੂਨਿਟ ਖੂਨਦਾਨ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ 25 ਸਤੰਬਰ : ਮਿਤੀ 21,22,23 ਸਤੰਬਰ ਨੂੰ ਸਾਂਝ ਬਲੱਡ ਵੈਲਫੇਅਰ ਕਲੱਬ ਰਜਿ ਫਰੀਦਕੋਟ ਅਤੇ ਭਾਈ ਘਨੱਈਆ ਯੂਥ ਕਲੱਬ ਵੱਲੋ ਬਾਬਾ ਸ਼ੇਖ ਫਰੀਦ ਜੀ ਦੇ ਆਗਮਨ ਪੁਰਬ ਨੂੰ ਸਮਰਪਿਤ ਵਿਸ਼ਾਲ ਖੂਨਦਾਨ ਕੈਂਪ ਪੰਜਾਬ ਐਂਡ ਸਿੰਧ ਬੈਂਕ ਅਤੇ ਵੇਰਕਾ ਡੇਅਰੀ ਫਰੀਦਕੋਟ ਵਿਖੇ ਲਗਾਇਆ ਗਿਆ ਕਲੱਬ ਦੇ ਅਹੁਦੇਦਾਰਾ ਵੱਲੋ ਦੱਸਿਆ ਕਿ ਇਸ ਖੂਨਦਾਨ ਕੈਂਪਾ ਵਿੱਚ ਫਰੀਦਕੋਟ ਮੈਡੀਕਲ ਬਲੱਡ ਬੈਂਕ,ਸਿਵਲ ਹਸਪਤਾਲ ਫਰੀਦਕੋਟ,ਦੀਪ ਹਸਪਤਾਲ ਬਲੱਡ ਬੈਂਕ ਦੀਆ ਟੀਮਾ ਵੱਲੋ ਬਲੱਡ ਲਿਆ ਗਿਆ ਇਸ ਖੂਨਦਾਨ ਕੈਂਪਾ ਵਿੱਚ 276 ਯੂਨਿਟ ਖੂਨਦਾਨ ਹੋਇਆ ਇਸ ਖੂਨਦਾਨ ਕੈਂਪ ਵਿੱਚ ਪੰਜਾਬ ਐਂਡ ਸਿੰਧ ਬੈਂਕ ਅਤੇ ਵੇਰਕਾ ਡੇਅਰੀ ਫਰੀਦਕੋਟ ਵੱਲੋ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਸਾਰੇ ਖੂਨਦਾਨ ਕਰਨ ਵਾਲੇ ਵੀਰਾ ਅਤੇ ਭੈਣਾ ਨੂੰ ਕਲੱਬ ਵੱਲੋ ਸਨਮਾਨਿਤ ਕੀਤਾ ਗਿਆ ਅਤੇ ਖੂਨਦਾਨ ਕਰਨ ਵਾਲੇ ਵੀਰਾ ਭੈਣਾ ਦਾ ਧੰਨਵਾਦ ਕੀਤਾ ਗਿਆ ਇਸ ਮੋਕੇ ਰਾਜਨ ਦੂਆ,ਪੰਕਜ ਦਿਉੜਾ,ਸੁਖਵਿੰਦਰ ਸਿੰਘ,ਰਾਜਵਿੰਦਰ ਸਿੰਘ,ਪ੍ਰਦੀਪ ਕੁਮਾਰ,ਹਰਪ੍ਰੀਤ ਵਿਰਕ,ਗੁਰਪ੍ਰੀਤ ਸਿੰਘ,ਲਖਵਿੰਦਰ ਸਿੰਘ ਲੱਖਾ,ਰਮਨ ਰੋੜੀਕਪੂਰਾ,ਧਰਮਿੰਦਰ ਸਿੰਘ,ਧਰਮਪਾਲ ਸਿੰਘ,ਮੋਨਟੀ ਫਰੀਦਕੋਟ,ਜਸਵੰਤ ਬਿੱਟੂ,ਤੇਜੂ ਰਾਠੌੜ,ਯੋਗੇਸ਼ ਕੁਮਾਰ ਹਾਜ਼ਰ ਸਨ।



## 'ਦ ਲੀਜੈਂਡ ਆਫ਼ ਮੌਲਾ ਜੱਟ'- ਇੱਕ ਸਿਨੇਮੈਟਿਕ ਪੁਲ, ਨਿਸ਼ਚਿਤ ਤੌਰ 'ਤੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਸੱਭਿਆਚਾਰਕ ਸਬੰਧਾਂ ਨੂੰ ਕਰੇਗਾ ਹੋਰ ਮਜ਼ਬੂਤ

ਵਰਲਡ ਪੰਜਾਬੀ ਟਾਈਮਜ਼ ਹਰਜਿੰਦਰ ਸਿੰਘ ਜਵੰਦਾ

ਦੱਖਣੀ ਏਸ਼ਿਆਈ ਸਿਨੇਮਾ ਲਈ ਇੱਕ ਇਤਿਹਾਸਕ ਕਦਮ ਵਿੱਚ, ਦ ਲੀਜੈਂਡ ਆਫ਼ ਮੌਲਾ ਜੱਟ 2 ਅਕਤੂਬਰ ਮਹੀਨੇ ਭਾਰਤ ਵਿੱਚ ਰਿਲੀਜ਼ ਹੋਣ ਲਈ ਤਿਆਰ ਹੈ, ਜੋ ਕਿ ਸਰਹੱਦ ਪਾਰ ਸੱਭਿਆਚਾਰਕ ਸਾਂਝ ਲਈ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਸਾਬਿਤ ਹੋਣ ਵਾਲਾ ਹੈ। ਬਿਲਾਲ ਲਾਸ਼ਾਰੀ ਦੁਆਰਾ ਨਿਰਦੇਸ਼ਤ, ਇਹ ਪਾਕਿਸਤਾਨੀ ਬਲਾਕਬਸਟਰ, ਫਵਾਦ ਖਾਨ, ਮਾਹਿਰਾ ਖਾਨ, ਹਮਜ਼ਾ ਅਲੀ ਅੱਬਾਸੀ, ਅਤੇ ਹੁਮੈਮਾ ਮਲਿਕ ਦੀ ਜ਼ਬਰਦਸਤ ਕਾਸਟ ਨੂੰ ਪੇਸ਼ ਕਰਦੀ ਹੈ,




ਜਿਸ ਨੇ ਪਹਿਲਾਂ ਹੀ ਵਿਸ਼ਵ ਪੱਧਰ 'ਤੇ ਤੂਫ਼ਾਨ ਲਿਆ ਦਿੱਤਾ ਹੈ।ਸਿਨੇਮਿਕ ਕਲਪਨਾ ਤੋਂ ਪਰੇ, ਭਾਰਤ ਵਿੱਚ ਦ ਲੀਜੈਂਡ ਆਫ਼ ਮੌਲਾ ਜੱਟ ਦੀ ਰਿਲੀਜ਼ ਸਾਂਝੀ ਵਿਰਾਸਤ ਅਤੇ ਕਲਾਤਮਕ ਸਹਿਯੋਗ ਦਾ ਜਸ਼ਨ ਹੈ। ਜਿਵੇਂ ਕਿ ਸਰਹੱਦ ਦੇ ਦੋਵਾਂ ਪਾਸਿਆਂ ਦੇ ਦਰਸ਼ਕ ਮੌਲਾ ਅਤੇ ਨੂਰੀ ਵਿਚਕਾਰ ਟਕਸਾਲੀ ਦੁਸ਼ਮਣੀ ਦੀ ਇਸ ਸ਼ਾਨਦਾਰ ਪੁਨਰ-ਕਲਪਨਾ ਦੀ ਉਤਸੁਕਤਾ ਨਾਲ ਉਡੀਕ ਕਰਦੇ ਹਨ, ਇਹ ਫਿਲਮ ਉਨ੍ਹਾਂ ਸੱਭਿਆਚਾਰਕ ਬੰਧਨਾਂ ਦੀ ਯਾਦ ਦਵਾਉਂਦੀ ਹੈ ਜੋ ਰਾਜਨੀਤਿਕ ਵੰਡਾਂ ਤੋਂ ਪਹਿਲਾਂ ਹੁੰਦੇ ਸੀ।ਭਾਰਤ ਵਿੱਚ ਉਤਸ਼ਾਹ ਦੇਖਣਯੋਗ ਹੈ, ਦਰਸ਼ਕ ਬੇਸਬਰੀ ਨਾਲ ਇਸ ਦੀ ਉਡੀਕ ਕਰ ਰਹੇ ਹਨ, ਭਾਵਨਾਤਮਕ ਤੌਰ 'ਤੇ ਜੋੜਨ ਵਾਲੀ ਇਸ ਗਾਥਾ ਨੂੰ ਦੇਖਣ ਲਈ ਰੋਮਾਂਚਿਤ ਹਨ।ਇਹ ਰਿਲੀਜ਼ ਅਜਿਹੇ ਸਮੇਂ 'ਤੇ ਆਈ ਹੈ ਜਦੋਂ ਕਲਾ ਅਤੇ ਸਿਨੇਮਾ ਸ਼ਕਤੀਸ਼ਾਲੀ ਪੁਲਾਂ ਵਜੋਂ ਕੰਮ ਕਰ ਰਹੇ ਹਨ, ਇਤਿਹਾਸ ਅਤੇ ਸੱਭਿਆਚਾਰ ਦੀ ਸਾਂਝੀ ਭਾਵਨਾ ਨਾਲ ਦਰਸ਼ਕਾਂ ਨੂੰ ਜੋੜ ਰਹੇ ਹਨ। ਜਿਵੇਂ ਕਿ ਮੌਲਾ ਜੱਟ ਦੀ ਦੰਤਕਥਾ ਸਰਹੱਦਾਂ ਨੂੰ ਪਾਰ ਕਰਦੀ ਹੈ, ਇਹ ਇਸ ਗੱਲ ਦਾ ਪ੍ਰਤੀਕ ਹੈ ਕਿ ਕਿਵੇਂ ਸਿਨੇਮਾ ਸਦਭਾਵਨਾ ਨੂੰ ਵਧਾ ਸਕਦਾ ਹੈ, ਸੰਵਾਦ ਰਚ ਸਕਦਾ ਹੈ, ਅਤੇ ਸਾਨੂੰ ਉਨ੍ਹਾਂ ਕਹਾਣੀਆਂ ਦੀ ਯਾਦ ਦਵਾਉਂਦਾ ਹੈ ਜੋ ਭੂਗੋਲ ਦੀ ਪਰਵਾਹ ਕੀਤੇ ਬਿਨਾਂ ਸਾਨੂੰ ਸਾਰਿਆਂ ਨੂੰ ਜੋੜਦੀਆਂ ਹਨ।

## ਅਮਰੀਕਾ ਵੱਸਦੇ ਪੰਜਾਬੀ ਸੂਫ਼ੀ ਗਾਇਕ ਸੁਖਦੇਵ ਸਾਹਿਲ 28 ਸਤੰਬਰ ਨੂੰ ਇਸ਼ਮੀਤ ਇੰਸਟੀਚਿਊਟ ਵਿੱਚ ਸੁਰਾਂ ਦੀ ਛਹਿਬਰ ਲਾਉਣਗੇ।

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ: 25 ਸਤੰਬਰ : (ਕੈਲੇਫੋਰਨੀਆ) ਅਮਰੀਕਾ ਵੱਸਦੇ ਪੰਜਾਬੀ ਸੂਫ਼ੀ ਗਾਇਕ ਸੁਖਦੇਵ ਸਾਹਿਲ 28 ਸਤੰਬਰ ਨੂੰ ਇਸ਼ਮੀਤ ਇੰਸਟੀਚਿਊਟ ਵਿੱਚ ਸੁਰਾਂ ਦੀ ਛਹਿਬਰ ਲਾਉਣਗੇ। ਇਹ ਜਾਣਕਾਰੀ ਇਸ਼ਮੀਤ ਮਿਊਜ਼ਿਕ ਇੰਸਟੀਚਿਊਟ ਲੁਧਿਆਣਾ ਦੇ ਡਾਇਰੈਕਟਰ ਡਾ. ਚਰਨ ਕਮਲ ਸਿੰਘ ਨੇ ਦੇਂਦਿਆਂ ਦੱਸਿਆ ਕਿ ਰਾਜਗੁਰੂ ਨਗਰ ਸਥਿਤ ਇਸ ਇੰਸਟੀਚਿਊਟ ਵਿੱਚ ਸੂਫ਼ੀਆਨਾ ਸ਼ਾਮ 5 ਵਜੇ ਆਰੰਭ ਹੋਵੇਗੀ। ਡਾ. ਚਰਨ ਕਮਲ ਸਿੰਘ ਨੇ ਦੱਸਿਆ ਕਿ

ਪਦਮ ਸ਼੍ਰੀ ਹੰਸ ਰਾਜ ਹੰਸ ਦੇ ਸ਼ਾਗਿਰਦ ਜਨਾਬ ਸੁਖਦੇਵ ਸਾਹਿਲ ਪੰਜਾਬ ਰਹਿੰਦਿਆਂ ਫਗਵਾੜਾ ਵਿਖੇ ਸੂਫ਼ੀ ਤੇ ਸੁਗਮ ਸੰਗੀਤ ਦੇ ਖੇਤਰ ਵਿੱਚ ਵੱਡਾ ਨਾਮ ਸਨ। ਅਮਰੀਕਾ ਵਿੱਚ ਵੀ ਉਹ ਲਗਾਤਾਰ ਇਸ ਮਿਸ਼ਨ ਨੂੰ ਲੈ ਰੇ ਅੱਗੇ ਵਧ ਰਹੇ ਹਨ।

ਇਸ ਸਮਾਗਮ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ, ਚੇਅਰਮੈਨ, ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਕਰਨਗੇ

## ਮਿਲੇਨੀਅਮ ਸਕੂਲ 'ਚ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਮੌਕੇ ਕਰਵਾਇਆ ਕੌਮੀ ਲੋਕ ਨਾਚ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 25 ਸਤੰਬਰ : ਇੰਟਰਨੈਸ਼ਨਲ ਮਿਲੇਨੀਅਮ ਸਕੂਲ ਪੰਜਗਰਾਈਂ ਕਲਾਂ ਵਿਖੇ ਸਕੂਲ ਦੇ ਡਾਇਰੈਕਟਰ ਵਾਸੂ ਸ਼ਰਮਾ ਅਤੇ ਚੇਅਰਮੈਨ ਜਸਕਰਨ ਸਿੰਘ ਨੇ ਖੁਸ਼ੀ ਨੂੰ ਪ੍ਰਗਟ ਕਰਦਿਆਂ ਦੱਸਦਿਆਂ ਕਿਹਾ ਕਿ ਬਾਬਾ ਫਰੀਦ ਜੀ ਦੇ ਆਗਮਨ ਪੁਰਬ ਨੂੰ ਮੁੱਖ ਰੱਖਦੇ ਹੋਏ ਕੌਮੀ ਲੋਕ ਨਾਚ ਕਰਵਾਇਆ ਗਿਆ। ਉਨਾਂ ਨੂੰ ਦੱਸਿਆ ਕਿ ਇਸ ਲੋਕ ਨਾਚ ਵਿਚ ਵੱਖ ਵੱਖ ਰਾਜਾਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜਿਸ ਵਿੱਚ ਰਾਜਸਥਾਨੀ, ਹਰਿਆਣਵੀ, ਮਣੀਪੁਰ, ਅਸਾਮ, ਹਿਮਾਚਲ ਪ੍ਰਦੇਸ਼, ਬੰਗਾਲਿਆਂ ਟੀਮਾਂ ਨੇ ਆਪਣੀ ਕਲਾ ਦੀ ਪ੍ਰਦਰਸ਼ਨੀ ਕਰਕੇ ਸਭ ਦਾ ਮਨ ਮੋਹ ਲਿਆ। ਡਾਇਰੈਕਟਰ ਵਾਸੂ ਸ਼ਰਮਾ ਅਤੇ ਚੇਅਰਮੈਨ ਜਸਕਰਨ ਸਿੰਘ ਨੇ ਦੱਸਿਆ ਕਿ ਬਾਬਾ ਫਰੀਦ ਜੀ ਦੇ ਇਸ ਪ੍ਰੋਗਰਾਮ ਵਿੱਚ ਖਾਸ ਮਹਿਮਾਨ ਵਜੋਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ, ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫਰੀਦਕੋਟ, ਡਾ. ਲਛਮਣ ਸਿੰਘ ਭਗਤੂਆਣਾ ਚੇਅਰਮੈਨ ਮਾਰਕਿਟ ਕਮੇਟੀ ਜੈਤੋ, ਦਲਬੀਰ ਸਿੰਘ ਸਿੱਧੂ ਡੀਐਸਪੀ ਬਾਘਾਪੁਰਾਣਾ, ਬਾਬਾ ਮਲਕੀਤ ਸਿੰਘ ਜੀ ਸਿੱਖਾਂਵਾਲਾ ਬੀੜ, ਬਾਬਾ ਸੁੰਦਰ ਦਾਸ ਜੀ ਗਊਸ਼ਾਲਾ ਪੰਜਗਰਾਈ, ਪ੍ਰੋ: ਅਰੁਣਾ ਅਣਦੇਵ ਅੰਤਰਰਾਸ਼ਟਰੀ ਸੰਗੀਤਕਾਰ, ਸੀਨੀਅਰ ਪੱਤਰਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ, ਹਰਪ੍ਰੀਤ ਸਿੰਘ ਚਾਨਾ, ਬਲਜੀਤ ਸਿੰਘ ਖੀਵਾ, ਉਦੇ ਰੰਦੇਵ ਆਦਿ ਵਿਸ਼ੇਸ਼ ਤੌਰ 'ਤੇ ਹਾਜਰ ਹੋਏ। ਇਸ ਮੌਕੇ ਸਭ ਨੇ ਪਹੁੰਚ ਕੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਮੈਡਮ ਸੀਮਾ ਸ਼ਰਮਾ, ਡਾਇਰੈਕਟਰ ਵਾਸੂ ਸ਼ਰਮਾ, ਮੈਡਮ ਰਕਸ਼ੰਦਾ ਸ਼ਰਮਾ, ਰਾਘਵ ਸ਼ਰਮਾ ਅਤੇ ਚੈਅਰਮੈਨ ਜਸਕਰਨ ਸਿੰਘ ਸਮੇਤ ਪ੍ਰਿੰਸੀਪਲ ਨੇ ਸਾਰਿਆਂ ਦਾ ਸਕੂਲ ਪਹੁੰਚਣ 'ਤੇ ਨਿੱਘਾ ਸਵਾਗਤ ਕਰਦਿਆਂ ਧੰਨਵਾਦ ਕੀਤਾ।



## ਮਰਹੂਮ ਡਿਪਟੀ ਡਾਇਰੈਕਟਰ ਸੁਰਿੰਦਰ ਮੋਹਨ ਸਿੰਘ ਦਾ ਸਪੁੱਤਰ ਸਵਰਗਵਾਸ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ: 25 ਸਤੰਬਰ : ਜ਼ਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਐਸੋਸੀਏਸ਼ਨ ਦੀ ਅੱਜ ਪਟਿਆਲਾ ਮੀਡੀਆ ਕਲੱਬ ਵਿੱਚ ਹੰਗਾਮੀ ਮੀਟਿੰਗ ਹੋਈ, ਜਿਸ ਵਿੱਚ ਲੋਕ ਸੰਪਰਕ ਪੰਜਾਬ ਦੇ ਮਰਹੂਮ ਡਿਪਟੀ ਡਾਇਰੈਕਟਰ ਸੁਰਿੰਦਰ ਮੋਹਨ ਸਿੰਘ ਦੇ ਨੌਜਵਾਨ ਸਪੁੱਤਰ ਕੁਸ਼ਲ ਮੋਹਨ ਸਿੰਘ ਰਾਣਾ ਦੇ ਅਚਾਨਕ ਸਵਰਗਵਾਸ ਹੋਣ 'ਤੇ ਅਫ਼ਸੋਸ ਪ੍ਰਗਟ ਕੀਤਾ ਗਿਆ। ਉਹ ਕੈਨੇਡਾ ਦੇ ਕੈਲਗਰੀ ਸ਼ਹਿਰ ਵਿੱਚ ਆਪਣੇ ਪਰਿਵਾਰ ਨਾਲ ਰਹਿ ਰਹੇ ਸਨ। ਉਨ੍ਹਾਂ ਦਾ ਅੱਜ ਕੈਲਗਰੀ ਵਿਖੇ ਸਸਕਾਰ ਕੀਤਾ ਜਾਵੇਗਾ। ਕੁਸ਼ਲ ਮੋਹਨ ਸਿੰਘ ਰਾਣਾ 44 ਵਰ੍ਹਿਆਂ ਦੇ ਸਨ। ਉਹ ਆਪਣੇ ਪਿੱਛੇ ਪਤਨੀ, ਲੜਕਾ, ਲੜਕੀ, ਮਾਤਾ ਸੁਰਿੰਦਰ ਕੌਰ ਅਤੇ ਵੱਡਾ ਭਰਾ ਜਸਮੋਹਨ ਸਿੰਘ ਛੱਡ ਗਏ ਹਨ। ਇਸ ਮੌਕੇ 'ਤੇ ਕੁਸ਼ਲ ਮੋਹਨ ਸਿੰਘ ਰਾਣਾ, ਸਾਬਕਾ ਏ.ਪੀ.ਆਰ.ਓ ਦਰਸ਼ਨ ਸਿੰਘ ਵਿਰਕ ਅਤੇ ਨਿਰੰਜਣ ਸਿੰਘ ਗਰੇਵਾਲ ਦੀ ਬੇਵਕਤੀ ਮੌਤ 'ਤੇ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ। ਇਸ ਮੌਕੇ 'ਤੇ ਸੁਰਜੀਤ ਸਿੰਘ ਸੈਣੀ ਪ੍ਰਧਾਨ, ਉਜਾਗਰ ਸਿੰਘ, ਸੁਰਜੀਤ ਸਿੰਘ ਦੁੱਖੀ, ਜੈ ਕ੍ਰਿਸ਼ਨ ਕਸ਼ਯਪ, ਪਰਮਜੀਤ ਕੌਰ ਸੋਢੀ, ਅਸ਼ੋਕ ਕੁਮਾਰ ਸ਼ਰਮਾ, ਸ਼ਾਮ ਸੁੰਦਰ , ਨਰਾਤਾ ਸਿੰਘ ਸਿੱਧੂ, ਨਵਲ ਕਿਸ਼ੋਰ, ਪਰਮਜੀਤ ਸਿੰਘ ਸੇਠੀ, ਬਿਮਲ ਕੁਮਾਰ ਚਕੋਤਰਾ, ਜੀ ਪੀ ਸਿੰਘ, ਜੀ ਆਰ ਕੁਮਰਾ, ਪਾਲ ਸਿੰਘ ਅਤੇ ਰਾਜ ਕੁਮਾਰ, ਨੇ ਸ਼ਰਧਾਂਜਲੀਆਂ ਭੇਂਟ ਕਰਦਿਆਂ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ। ਤਸਵੀਰ: ਕੁਸ਼ਲ ਮੋਹਨ ਸਿੰਘ ਰਾਣਾ

## ਸ. ਹਰਬੰਸ ਸਿੰਘ, ਜੱਜ ਲੁਧਿਆਣਾ ਅਤੇ ਬੀਬੀ ਅਮਨਦੀਪ ਕੌਰ ਐਮ ਐਲ ਏ ਮੋਗਾ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਹੋਏ ਨਤਮਸਤਕ

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ




ਫਰੀਦਕੋਟ 25 ਸਤੰਬਰ : ਬਾਬਾ ਫਰੀਦ ਆਗਮਨ ਪੁਰਬ ਮੌਕੇ ਬਾਬਾ ਫਰੀਦ ਜੀ ਦੀ ਚਰਨ–ਛੋਹ ਪ੍ਰਾਪਤ ਪਵਿੱਤਰ ਨਗਰੀ ਫ਼ਰੀਦਕੋਟ ਵਿਖੇ ਸ. ਹਰਬੰਸ ਸਿੰਘ, ਜੱਜ ਲੁਧਿਆਣਾ, ਅਤੇ ਬੀਬੀ ਅਮਨਦੀਪ ਕੌਰ ਐਮ ਐਲ ਏ ਮੋਗਾ ਟਿੱਲਾ ਬਾਬਾ ਫਰੀਦ ਜੀ ਵਿਖੇ ਨਤਮਸਤਕ ਹੋਏ। ਕਮੇਟੀ ਵੱਲੋਂ ਸ. ਹਰਬੰਸ ਸਿੰਘ ਜੀ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਬਾਬਾ ਫ਼ਰੀਦ ਧਾਰਮਿਕ ਅਤੇ ਵਿੱਦਿਅਕ ਸੰਸਥਾਵਾਂ, ਫ਼ਰੀਦਕੋਟ ਦੇ ਪ੍ਰੈਜ਼ੀਡੈਂਟ ਸ. ਸਿਮਰਜੀਤ ਸਿੰਘ ਸੇਖੋ ਜੀ ਨੇ ਉਹਨਾਂ ਨੂੰ ਬਾਬਾ ਫਰੀਦ ਆਗਮਨ ਪੁਰਬ ਦੀ ਲੱਖ-ਲੱਖ ਵਧਾਈ ਦਿੱਤੀ। ਫਿਰ ਸੁਸਾਇਟੀ ਵੱਲੋਂ ਸ. ਨਿਸ਼ਾਨ ਸਿੰਘ, ਸ. ਇਕਬਾਲ ਸਿੰਘ ਅਤੇ ਸ. ਸੁਖਦੀਪ ਸਿੰਘ ਨੇ ਉਹਨਾਂ ਨੂੰ ਸਿਰੋਪਾ ਅਤੇ ਦੁਸ਼ਾਲਾ ਭੇਂਟ ਕਰਕੇ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ।